106/c

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ....345..../ਕਾਲਜ/ਸ- 6
ਮਿਤੀ ....13/2/25

ਪੋਸਟ/ਈ-ਮੇਲ

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ,
ਜਿੱਥੇ ਬੀ.ਏ-ਬੀ.ਐਡ/ਬੀ.ਕਾਮ-ਬੀ.ਐਡ/ਬੀ.ਐਸ ਸੀ-ਬੀ.ਐਡ
ਕੋਰਸ ਚਲ ਰਹੇ ਹਨ, ਦੇ ਚੇਅਰਮੈਨ/ਪ੍ਰਿੰਸੀਪਲ ਸਾਹਿਬਾਨ ਨੂੰ

ਵਿਸ਼ਾ:- ਬੀ.ਏ-ਬੀ.ਐਡ/ਬੀ.ਕਾਮ-ਬੀ.ਐਡ/ਬੀ.ਐਸ ਸੀ-ਬੀ.ਐਡ ਕੋਰਸਾਂ ਸਬੰਧੀ।

ਹਵਾਲਾ: ਪੱਤਰ ਨੰ: 7472/ਕਾਲਜ/ਸ-4, 6 ਮਿਤੀ 05.5.2023 ਅਤੇ ਪੱਤਰ ਨੰ: 6748/ਕਾਲਜ/ਸ-4, 6 ਮਿਤੀ 18.3.2023

ਉਪਰੋਕਤ ਵਿਸ਼ੇ ਸਬੰਧੀ ਇਸ ਦਫ਼ਤਰ ਵਲੋਂ ਪਹਿਲਾ ਜਾਰੀ ਹਵਾਲਾ ਅਧੀਨ ਸਰਕੂਲਰਾਂ/ਪੱਤਰਾਂ ਰਾਹੀਂ ਸੂਚਿਤ ਕੀਤਾ ਗਿਆ ਸੀ ਕਿ NCTE ਦੀ ਗਵਰਨਿੰਗ ਬਾਡੀ ਦੀ ਮਿਤੀ 25.3.2023 ਨੂੰ ਹੋਈ ਇਕੱਤਰਤਾ ਦੀ ਕਾਰਵਾਈ ਅਨੁਸਾਰ ਬੀ.ਏ-ਬੀ.ਐਡ/ਬੀ.ਕਾਮ-ਬੀ.ਐਡ/ਬੀ.ਐਸ ਸੀ-ਬੀ.ਐਡ ਇੰਟੀਗ੍ਰੇਟਿਡ ਕੋਰਸ ਸੈਸ਼ਨ 2023-24 ਅਤੇ ਸੈਸ਼ਨ 2024-25 ਦੌਰਾਨ ਜਾਰੀ ਰਹਿਣਗੇ। ਸੈਸ਼ਨ 2025-26 ਤੋਂ ਉਕਤ ਕੋਰਸ ਬੰਦ ਕਰ ਦਿਤੇ ਗਏ ਹਨ। ਇਸ ਲਈ ਸੈਸ਼ਨ 2025-26 ਤੋਂ ਇਹਨਾਂ ਕੋਰਸਾਂ ਵਿਚ ਦਾਖਲੇ ਕਰਨ ਦੀ ਪ੍ਰਵਾਨਗੀ ਨਹੀਂ ਹੋਵੇਗੀ।

ਹੁਣ ਕਿਉਂ ਜੋ ਸੈਸ਼ਨ 2025-26 ਸ਼ੁਰੂ ਹੋਣ ਵਾਲਾ ਹੈ, ਪਰੰਤੂ ਜਿਨ੍ਹਾਂ ਸਬੰਧਤ ਕਾਲਜਾਂ ਵਿਖੇ ਬੀ.ਏ-ਬੀ.ਐਡ /ਬੀ.ਕਾਮ-ਬੀ.ਐਡ/ਬੀ.ਐਸ ਸੀ-ਬੀ.ਐਡ ਇੰਟੀਗ੍ਰੇਟਿਡ ਕੋਰਸ ਚਲ ਰਹੇ ਹਨ, ਵੱਲੋਂ ਇਹਨਾਂ ਇੰਟੀਗ੍ਰੇਟਿਡ ਕੋਰਸਾਂ ਨੂੰ ITEP ਵਿੱਚ ਤਬਦੀਲ ਕਰਨ ਸਬੰਧੀ ਕੋਈ ਜਾਣਕਾਰੀ ਯੂਨੀਵਰਸਿਟੀ ਨੂੰ ਨਹੀ ਦਿੱਤੀ ਗਈ ਹੈ, ਇਸ ਲਈ ਉਕਤ ਕੋਰਸਾਂ ਨੂੰ ITEP ਵਿੱਚ ਤਬਦੀਲ ਕਰਨ ਸਬੰਧੀ ਲੋੜੀਂਦੇ ਤਸਦਕੀਸ਼ੁਦਾ ਦਸਤਾਵੇਜ਼ (NCTE ਦੀ ਪ੍ਰਵਾਨਗੀ) ਭੇਜੇ ਜਾਣ।

ਇਹ ਸਪਸ਼ਟ ਕੀਤਾ ਜਾਂਦਾ ਹੈ ਕਿ NCTE ਦੀ ਲੋੜੀਂਦੀ ਪ੍ਰਵਾਨਗੀ ਉਪਰੰਤ ਹੀ ਸੈਸ਼ਨ 2025-26 ਤੋਂ ਉਕਤ ਕੋਰਸਾਂ ਦੇ ਐਂਟਰੀ ਪੁਆਇੰਟ/ਭਾਗ ਦੇ ਦਾਖਲੇ ਕਰਨ ਦੀ ਪ੍ਰਵਾਨਗੀ ਹੋਵੇਗੀ।

ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਯੂਨੀਵਰਸਿਟੀ ਦੀ ਬਿਨਾਂ ਪੂਰਵ ਪ੍ਰਵਾਨਗੀ ਕਿਸੇ ਵੀ ਇੰਟੇਗ੍ਰੇਟਿਡ ਕੋਰਸ ਵਿੱਚ ਦਾਖਲੇ ਨਾ ਕੀਤੇ ਜਾਣ। ਜੇਕਰ ਬਿਨਾਂ ਪੂਰਵ ਪ੍ਰਵਾਨਗੀ ਦਾਖਲੇ ਕੀਤੇ ਜਾਂਦੇ ਹਨ ਅਤੇ ਕਿਸੇ ਵੀ ਪ੍ਰਕਾਰ ਦੀ ਕੋਈ ਵੀ ਕਾਨੂੰਨੀ ਸਮੱਸਿਆ/ਉਲਝਣ ਪੈਦਾ ਹੁੰਦੀ ਹੈ ਤਾਂ ਇਸ ਦੀ ਸਾਰੀ ਦੀ ਸਾਰੀ ਜ਼ਿੰਮੇਵਾਰੀ ਕਾਲਜ ਮੈਨਜਮੈਂਟ ਦੀ ਆਪਣੀ ਹੋਵੇਗੀ ਅਤੇ ਕਾਲਜ ਵਿਰੁੱਧ ਬਣਦੀ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ।

ਸਹਾਇਕ ਰਜਿਸਟਰਾਰ (ਕਾਲਜਾਂ)

ਉਤਾਰਾ:

ਕੰਟਰੋਲਰ, ਪ੍ਰੀਖਿਆਵਾਂ